This question paper contains 3 printed pages]

*Your Roll No*................

389

**B.A. (PROGRAMME)/II J**

**(R)**

PUNJABI DISCIPLINE—Paper II

(Optional)

(Admissions of 2004/2006 and after in respect of the students of regular colleges/NCWEB.)

*Time : 3 Hours* *Maximum Marks* : 75

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

(*Write your Roll No. on the top immediately on receipt of this question paper.*)

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਨਜਾਬਤ ਰਚਿਤ 'ਨਾਦਰ ਸ਼ਾਹ ਦੀ ਵਾਰ' ਦੇ ਇਤਿਹਾਸਕ ਮਹੱਤਵ ਬਾਰੇ ਵਿਸਤਾਰ ਨਾਲ ਲਿਖੋ ।

**ਜਾਂ**

'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਵਿਚ 'ਰਾਣੀ ਜਿੰਦਾਂ' ਦਾ ਕਿਹੋ ਜਿਹਾ ਬਿੰਬ ਉਭਰਦਾ ਹੈ ? ਚਰਚਾ ਕਰੋ । 15

P.T.O.

2. ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ **ਇਕ** ਦੀ ਸਾਹਿਤਕ ਪੜਚੋਲ ਕਰੋ :

ਸੁਹਾਗ, ਕੱਚ ਦਾ ਗਜਰਾ, ਜ਼ਫ਼ਰਨਾਮਾ । 15

3. ਹੇਠ ਲਿਖੇ **ਦੋ** ਵਾਕਾਂ ਤੇ ਸ਼ਬਦਾਂ ਜੋੜਾਂ ਨੂੰ ਸ਼ੁਧ ਕਰ ਕੇ ਲਿਖੋ :

(*i*) ਸਫਲ ਨਹੀਂ ਹੁਦਾ ਹਕਾਰੀ ਜੀਵ ਕਿਸੇ ਵੀ ਖੇਤਰ ਵਿਚ ।

(*ii*) ਗਰੀਬ ਲੱਕੜਹਾਰਾ ਇਕ ਕੰਢੇ ਦਰਿਆ ਦੇ ਲਕੜਾ ਕੱਟਣ ਜਾਂਦਾ ਹੁੰਦਾ ਸੀ ॥

(*iii*) ਇਸ ਸਾਇੰਸੀ ਯੁੱਗ ਵਿਚ ਮਨੁਖਿ ਜਿਵਨ ਦੀ ਮਸੀਨਾ ਦੇ ਵਾਧੇ ਨਾਲ ਚਾਲ ਵੀ ਵੱਧ ਰਹੀ ਹੇ ।

(*iv*) ਜੇ ਕਾਰਲਾਈਲ ਤੀਵੀਂ ਨੂੰ ਆਪਣੀ ਕਰਦਾ ਪਯਾਰ ਤਾਂ ਖਿਝੂ ਤੇ ਸੜੂ ਨਾ ਹੁੰਦਾ ਉਹ ਇੰਨਾ । 10

4. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਨਿਮਨ ਲਿਖਤ ਸਵਾਲਾਂ ਦੇ ਜਵਾਬ ਦਿਉ :

ਭਾਰਤ ਵਿਚ ਮਹਿੰਗਾਈ ਦੀ ਸਮੱਸਿਆ ਨੇ ਇਕ ਵਿਕਰਾਲ ਰੂਪ ਧਾਰਨ ਕਰ ਲਿਆ ਹੈ । ਆਮ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸ ਨੇ ਦੇਸ਼ ਦੀ ਆਰਥਿਕ ਸਥਿਤੀ ਉੱਪਰ ਬਹੁਤ ਬੁਰਾ ਪ੍ਰਭਾਵ ਪਾਇਆ ਹੈ । ਅਰਥ ਸ਼ਾਸਤਰੀ ਆਖਦੇ ਹਨ ਕਿ ਵਿਕਸਿਤ ਦੇਸ਼ਾਂ ਵਿਚ ਮਹਿੰਗਾਈ ਦਾ ਵੱਧਣਾ ਸੁਭਾਵਕ ਗੱਲ ਹੈ । ਪਰ ਇਸਦੀ ਵੀ ਕੋਈ ਹੱਦ ਹੋਣੀ ਚਾਹੀਦੀ ਹੈ । ਗ਼ਰੀਬ ਮਜ਼ਦੂਰ ਦੋ ਵੇਲੇ ਦੀ ਰੋਟੀ ਪ੍ਰਾਪਤ ਕਰਨ ਤੋਂ ਵੀ ਅਸਮਰਥ ਹਨ । ਸਾਨੂੰ ਵਧਦੀ ਮਹਿੰਗਾਈ ਅਤੇ ਇਸਦੇ ਕਾਰਨਾਂ ਨੂੰ ਸਮਝ ਕੇ ਇਨ੍ਹਾਂ ਨੂੰ ਦੂਰ ਕਰਨ ਵਲ ਧਿਆਨ ਦੇਣ ਦੀ ਲੋੜ ਹੈ ।

ਪ੍ਰਸ਼ਨ :

(*i*) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ ।

(*ii*) ਭਾਰਤ ਵਿਚ ਸਭ ਤੋਂ ਵੱਡੀ ਸਮੱਸਿਆ ਕਿਹੜੀ ਹੈ ?

(*iii*) ਮਹਿੰਗਾਈ ਦਾ ਦੇਸ਼ ਦੀ ਸਥਿਤੀ ਉੱਪਰ ਕੀ ਪ੍ਰਭਾਵ ਪੈਂਦਾ ਹੈ ?

(*iv*) ਮਹਿੰਗਾਈ ਨੂੰ ਰੋਕਣ ਲਈ ਕੀ ਕਰਨਾ ਚਾਹੀਦਾ ਹੈ ?

(*v*) ਉਪਰੋਕਤ ਪੈਰੇ ਨੂੰ ਪੜ੍ਹ ਕੇ ਭਾਰਤ ਦੀ ਮੌਜੂਦਾ ਸਥਿਤੀ ਬਾਰੇ ਕਿਸ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ ? 10

5. ਨਿਮਨ ਲਿਖਤ ਵਿਚੋਂ ਕਿਸੇ **ਇਕ** ਦਾ ਉੱਤਰ ਲਿਖੋ :

(*i*) ਮਕਾਨ ਜਾਂ ਫਲੈਟ ਵੇਚਣ ਵਾਸਤੇ **ਇਕ** ਵਿਗਿਆਪਨ ਲਿਖੋ ।

(*ii*) ਪੰਜਾਬੀ ਸ਼ਬਦ ਸ਼ਕਤੀ ਉੱਪਰ **ਇਕ** ਨੋਟ ਲਿਖੋ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਵਿਚ ਲਿਖੋ :

(*i*) 'ਵਾਰ' ਕਿਸ ਬਾਰੇ ਲਿਖੀ ਜਾਂਦੀ ਹੈ ?

(*ii*) 'ਚੰਡੀ ਦੀ ਵਾਰ' ਦਾ ਮੁੱਖ ਉਦੇਸ਼ ਕੀ ਹੈ ?

(*iii*) ਵਾਰਿਸ ਸ਼ਾਹ ਨੇ ਹੀਰ ਅਤੇ ਰਾਂਝੇ ਦੇ 'ਇਸ਼ਕ' ਨੂੰ ਕਿਸ ਨਜ਼ਰੀਏ ਤੋਂ ਪੇਸ਼ ਕੀਤਾ ਹੈ ?

(*iv*) 'ਜ਼ਫ਼ਰਨਾਮਾ' ਇਕਾਂਗੀ ਦਾ ਸੰਬੰਧ ਕਿਸ ਘਟਨਾ ਨਾਲ ਹੈ ?

(*v*) 'ਜੁੱਤੀਆਂ ਦਾ ਜੋੜਾ' ਇਕਾਂਗੀ ਵਿਚ 'ਜੁੱਤੀਆਂ' ਦਾ ਕੀ ਰੋਲ ਸੀ ? 5×3=15